pstcl

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਰਜਿ: ਦਫ਼ਤਰ: ਪੀ.ਐਸ.ਈ.ਬੀ.,ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ)

ਦਫ: ਨਿਗ:ਇੰਜੀ:/ ਐਚ ਆਰ ਅਤੇ ਪ੍ਰਬੰਧਕੀ ਸੰਸਥਾ, ਸ਼ਕਤੀ ਸਦਨ ਪਟਿਆਲਾ।

ਫੈਕਸ ਨੰ:- 0175 -2220054 ਟੈਲੀਫੂਨ ਨੰ:-0175-2370693 ਵੈਬਸਾਇਟ : pstcl.org

ਵੱਲ

1. ਪ੍ਰਮੁੱਖ ਇੰਜੀਨੀਅਰ/ਪੀ ਤੇ ਐਮ, ਪੀਐਸਟੀਸੀਐਲ, ਲੁਧਿਆਣਾ।
2. ਮੁੱਖ ਇੰਜੀਨੀਅਰ/ਟੀ.ਐਸ, ਪੀਐਸਟੀਸੀਐਲ, ਪਟਿਆਲਾ।
3. ਮੁੱਖ ਵਿੱਤ ਅਫ਼ਸਰ, ਪੀ.ਐਸ.ਟੀ.ਸੀ.ਐਲ, ਪਟਿਆਲਾ।
4. ਮੁੱਖ ਲੇਖਾ ਅਫਸਰ/ਵਿੱਤ ਤੇ ਆਡਿਟ, ਪੀ.ਐਸ.ਟੀ.ਸੀ.ਐਲ, ਪਟਿਆਲਾ।

ਮੀਮੋ ਨੰ: 9322/25 /Prom./SAS to AO/36 ਮਿਤੀ: 5/7/23

ਵਿਸ਼ਾ:- ਐਸ.ਏ.ਐਸ ਅਕਾਉਂਟੈਂਟ ਤੋਂ ਲੇਖਾ ਅਫਸਰ ਦੀ ਤਰੱਕੀ ਲਈ ਸੇਵਾ ਵੇਰਵੇ ਭੇਜਣ ਅਤੇ ਗੁਪਤ ਯੋਗਤਾ ਰਿਪੋਰਟਾਂ ਦੀ ਅਸੈਸਮੇਂਟ ਮੰਗਵਾਉਣ ਸਬੰਧੀ।

ਹਵਾਲਾ:- ਇਸ ਦਫਤਰ ਦਾ ਮੀਮੋ ਨੰ 13854/60 ਮਿਤੀ 06.07.2022.

ਉਪਰੋਕਤ ਵਿਸ਼ੇ ਅਤੇ ਹਵਾਲੇ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਐਸ.ਏ.ਐਸ ਅਕਾਉਂਟੈਂਟ ਕਰਮਚਾਰੀਆਂ ਦੀ ਤਰੱਕੀ ਦਾ ਕੇਸ ਵਿਚਾਰਨ ਲਈ ਇਸ ਦਫਤਰ ਵੱਲੋਂ ਸਬੰਧਤ ਕਰਮਚਾਰੀਆਂ ਦੇ ਦਫਤਰਾਂ ਵੱਲੋਂ ਸੇਵਾ ਵੇਰਵੇ, ਗੈਰ ਹਾਜ਼ਰੀ/EOL ਦੇ ਸਮੇਂ ਬਾਰੇ, ਹੜਤਾਲ ਵਿੱਚ ਸ਼ਾਮਿਲ ਹੋਣ ਸਬੰਧੀ ਅਤੇ ਅਨੁਸ਼ਾਸਨੀ ਕਾਰਵਾਈ ਸਬੰਧੀ ਸੂਚਨਾਂ ਨਿਰਧਾਰਿਤ ਪ੍ਰੋਫਾਰਮੇ ਤੇ ਭਰ ਕੇ ਮੰਗੀ ਗਈ ਸੀ, ਜ਼ੋ ਕਿ ਇਸ ਦਫਤਰ ਵਿਖੇ ਪ੍ਰਾਪਤ ਹੋ ਗਈ ਸੀ। ਪ੍ਰੰਤੂ ਤਰੱਕੀ ਪੈਨਲ ਦੀ ਮਿਆਦ 30.06.2023 ਨੂੰ ਖਤਮ ਹੋ ਗਈ ਹੈ।

ਹੁਣ ਸਾਲ 2023-24 ਦੌਰਾਨ ਨੱਥੀ ਲਿਸਟ ਵਿੱਚ ਦਰਸਾਏ ਐਸ.ਏ.ਐਸ ਅਕਾਉਂਟੈਂਟ ਤੋਂ ਲੇਖਾ ਅਫਸਰ ਕਰਮਚਾਰੀਆਂ ਦੀ ਤਰੱਕੀ ਦਾ ਕੇਸ ਵਿਚਾਰਨ ਲਈ ਪਹਿਲਾਂ ਭੇਜੇ ਸੇਵਾ ਵੇਰਵਿਆਂ ਵਿੱਚ ਜੇਕਰ ਕਿਸੇ ਕਿਸਮ ਦੀ ਤਬਦੀਲੀ ਹੈ ਜਾਂ ਪਹਿਲਾ ਭੇਜੀ ਸੂਚਨਾਂ ਵਿੱਚ ਕਿਸੇ ਤਰ੍ਹਾ ਦੀ ਤਬਦੀਲੀ ਨਹੀਂ ਹੈ ਤਾਂ ਇਸ ਸਬੰਧੀ ਸਬੰਧਤ ਕਰਮਚਾਰੀ ਦਾ ਨਾਮ ਅਤੇ ਇੰਪਲਾਈ ਆਈ.ਡੀ ਨੰ: ਸਪਸ਼ਟ ਦਰਸਾਉਂਦੇ ਹੋਏ ਤਸਦੀਕ ਕੀਤਾ ਜਾਵੇ ਜੀ :-

ਉਪਰੋਕਤ ਤੋ ਇਲਾਵਾ ਨੱਥੀ ਲਿਸਟ ਦੇ ਲੜੀ 3 ਤੇ ਦਰਜ ਕਰਮਚਾਰੀ ਦੀ ਤੱਰਕੀ ਦਾ ਕੇਸ ਵਿਚਾਰਨ ਲਈ ਸਬੰਧਤ ਕਰਮਚਾਰੀ ਦੇ ਸੇਵਾ ਵੇਰਵੇ, ਗੈਰ ਹਾਜ਼ਰੀ/EOL ਦੇ ਸਮੇਂ ਬਾਰੇ, ਹੜਤਾਲ ਵਿੱਚ ਸ਼ਾਮਿਲ ਹੋਣ ਸਬੰਧੀ ਅਤੇ ਅਨੁਸ਼ਾਸਨੀ ਕਾਰਵਾਈ ਸਬੰਧੀ ਸੂਚਨਾਂ ਨੱਥੀ ਪ੍ਰੋਫਾਰਮੇ (ੳ ਅਤੇ ਅ) ਤੇ ਭਰ ਕੇ ਸਬੰਧਤ ਵਿਭਾਗ ਦੇ ਮੁੱਖੀ ਤੋਂ ਕਾਉਂਟਰ ਸਾਇਨ ਕਰਵਾਉਣ ਉਪਰੰਤ ਇਸ ਦਫ਼ਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ ।

ਨੱਥੀ/ ਲਿਸਟ, ਪ੍ਰੋਫਾਰਮੇ (ੳ ਅਤੇ ਅ)।

5/7/2023

ਉਪ ਮੁੱਖ ਇੰਜੀ:/ਐਚ.ਆਰ ਤੇ ਪ੍ਰਬੰਧਕੀ,
ਪੀਐਸਟੀਸੀਐਲ, ਪਟਿਆਲਾ

ਪਿੱਠ ਅੰਕਣ ਨੰ: 9326/27 /Prom./SAS to AO/36 ਮਿਤੀ: 5/7/23

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਹਾਇਕ ਮੈਨੇਜਰ/ਐਚ.ਆਰ (ਅਮਲਾ), ਪੀਐਸਟੀਸੀਐਲ, ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਅਧਿਕਾਰੀ ਦੇ ਪਿਛਲੇ 5 ਸਾਲ (2022-23 ਤੱਕ) ਦੀ ਗੁਪਤ ਯੋਗਤਾ ਰਿਪੋਰਟ ਦੀ ਅਸੈਸਮੈਂਟ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ ।
2. ਸੀਨੀ:ਕਾ:ਕਾ:ਇੰਜੀ:/ਪ੍ਰਬੰਧਕੀ ਅਤੇ ਅਸਟੇਟ, ਪੀ.ਐਸ.ਟੀ.ਸੀ.ਐਲ, ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਅਧਿਕਾਰੀ ਦੀ ਤਾਜ਼ਾ ਅਨੁਸ਼ਾਸਨੀ ਕੇਸਾਂ ਸਬੰਧੀ ਰਿਪੋਰਟ ਇਸ ਦਫ਼ਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ।

5/7/2023

ਉਪ ਮੁੱਖ ਇੰਜੀ:/ਐਚ.ਆਰ ਤੇ ਪ੍ਰਬੰਧਕੀ,
ਪੀਐਸਟੀਸੀਐਲ,ਪਟਿਆਲਾ

# ਐਸ.ਏ.ਐਸ ਅਕਾਊਂਟੇਂਟ ਕਰਮਚਾਰੀਆਂ ਦੀ ਲਿਸਟ

| ਕ੍ਰਮ ਨੰ: | ਕਰਮਚਾਰੀ ਦਾ ਨਾਂ | ਆਈ.ਡੀ.ਨੰ: |
|---|---|---|
| 1 | ਸੁਸ਼ੀਲ ਕੁਮਾਰ | 608010 |
| 2 | ਰਜਿੰਦਰ ਸਿੰਘ | 608009 |
| 3 | ਜੀਤਨ ਗੁਪਤਾ | 607001 |

ਪ੍ਰੋਫਾਰਮਾ-ੳ

ਐਸ.ਏ.ਐਸ ਅਕਾਉਂਟੈਂਟ ਤੋਂ ਲੇਖਾ ਅਫਸਰ ਦੀ ਤਰੱਕੀ ਲਈ ਸੇਵਾ ਵੇਰਵੇ ਭੇਜਣ ਅਤੇ ਗੁਪਤ ਯੋਗਤਾ ਰਿਪੋਰਟਾਂ ਦੀ ਅਸੈਸਮੈਂਟ ਮੰਗਵਾਉਣ ਸਬੰਧੀ

| ਕ੍ਰਮ ਨੰ: | ਸੀਨੀ:ਨੰ: | ਕਰਮਚਾਰੀ ਦਾ ਨਾਮ ਅਤੇ ਆਈ.ਡੀ. ਨੰ: | ਪਿਤਾ ਦਾ ਨਾਮ | ਜਨਮ ਮਿਤੀ | ਪੱਕਾ ਪਤਾ | ਵਿਦਿਅਕ ਯੋਗਤਾ/ ਤਕਨੀਕੀ ਯੋਗਤਾ/ ਯੋਗਤਾ ਪ੍ਰਾਪਤ ਕਰਨ ਦੀ ਮਿਤੀ | ਕੀ ਕਰਮਚਾਰੀ ਨੇ ਸੇਫਟੀ ਕੋਡ ਟੈਸਟ ਪਾਸ ਕੀਤਾ ਹੈ |
|---|---|---|---|---|---|---|---|
| 1. | 2. | 3. | 4. | 5. | 6. | 7. | 8. |
| | | | | | | | |

| ਵਿਭਾਗੀ ਲੇਖਾ ਪ੍ਰੀਖਿਆ (SAS Part-I & II) ਪਾਸ ਕਰਨ ਦਾ ਵੇਰਵਾ ਰੋਲ ਨੰ:/ ਸੈਸ਼ਨ ਅਤੇ ਦ/ਹੁਕਮ ਨੰ: ਮਿਤੀ ਸਹਿਤ | ਕੀ ਮੈਟ੍ਰਿਕ ਪੱਧਰ ਦੀ ਪੰਜਾਬੀ ਪਾਸ ਹੈ ਸਬੂਤ ਵੱਜੋ ਤਸਦੀਕ ਸੁਦਾ ਫੋਟੋ ਕਾਪੀ ਨੱਥੀ ਕੀਤੀ ਜਾਵੇ । | ਪੀਐਸਟੀਸੀਐਲ ਵਿੱਚ ਭਰਤੀ ਹੋਣ ਦੀ ਮਿਤੀ ਅਤੇ ਅਸਾਮੀ ਦਾ ਨਾਮ | ਵਰਤਮਾਨ ਅਹੁਦੇ ਤੇ ਰੈਗੂਲਰ ਤੌਰ ਤੇ ਹਾਜਰ ਹੋਣ ਦੀ ਮਿਤੀ | ਵਰਤਮਾਨ ਤੈਨਾਤੀ ਅਤੇ ਪਿਛਲੇ ਪੰਜ ਸਾਲਾਂ ਦੋਰਾਨ ਤੈਨਾਤੀ ਸਥਾਨਾਂ ਦਾ ਵੇਰਵਾ | ਕੀ ਕਰਮਚਾਰੀ ਪੰਜਾਬ ਰਾਜ ਅਨੁਸੂਚਿਤ ਜਾਤੀ/ਹੈਡੀਕੈਂਪ ਨਾਲ ਸਬੰਧਤ ਹੈ ।ਸਬੂਤ ਵੱਜੋ ਤਸਦੀਕ ਸ਼ੁਦਾ ਫੋਟੋ ਕਾਪੀ ਨੱਥੀ ਕੀਤੀ ਜਾਵੇ । | ਵਿਸ਼ੇਸ਼ ਕਥਨ |
|---|---|---|---|---|---|---|
| 9. | 10. | 11. | 12. | 13. | 14. | 15. |
| | | | | | | |

ਨੋਟ:- 1. ਤਸਦੀਕ ਕੀਤਾ ਜਾਂਦਾ ਹੈ ਕਿ ਉਹਨਾਂ ਦੀ ਸੰਸਥਾ ਅਧੀਨ ਕੋਈ ਵੀ ਅਜਿਹਾ ਯੋਗ ਕਰਮਚਾਰੀ ਨਹੀਂ ਰਿਹਾ ਜਿਸ ਦੇ ਸੇਵਾ ਵੇਰਵੇ ਅਤੇ ਲੋੜੀਦੇ ਦਸਤਾਵੇਜ ਭੇਜਣੇ ਰਹਿ ਗਏ ਹੋਣ।

2. ਉਪਰੋਕਤ ਇੰਦਰਾਜ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਤੋ ਤਸਦੀਕ ਕੀਤੇ ਗਏ ਹਨ ।

ਸਮਰੱਥ ਅਧਿਕਾਰੀ ਦੇ ਹਸਤਾਖਰ ਅਤੇ ਮੋਹਰ

ਪ੍ਰੋਫਾਰਮਾ-ਅ

ਐਸ.ਏ.ਐਸ ਅਕਾਊਂਟੈਂਟ ਤੋਂ ਲੇਖਾ ਅਫਸਰ ਦੀ ਤਰੱਕੀ ਲਈ ਸੇਵਾ ਵੇਰਵੇ ਭੇਜਣ ਅਤੇ ਗੁਪਤ ਯੋਗਤਾ ਰਿਪੋਰਟਾਂ ਦੀ ਅਸੈਸਮੇਂਟ ਮੰਗਵਾਉਣ ਸਬੰਧੀ

| ਕ੍ਰਮ ਨੰ: | ਕਰਮਚਾਰੀ ਦਾ ਨਾਮ / ਅਹੁਦਾ/ਜਨਮ ਮਿਤੀ/ ਸੀਨੀ:ਨੰ: | 1. ਚਾਰਜਸ਼ੀਟ/ਕਾਰਣ ਦੱਸੋ ਨੋਟਿਸ ਜਾਰੀ ਕਰਨ ਦਾ ਨੰ:ਅਤੇ ਮਿਤੀ<br>2. ਕਾਜ਼ ਆਫ ਐਕਸ਼ਨ ਦਾ ਸਮਾਂ ਮਿਤੀ ਸਹਿਤ । | ਕਰਮਚਾਰੀ ਵੱਲੋਂ ਚਾਰਜਸ਼ੀਟ ਕਾਰਣ ਦੱਸੋ ਨੋਟਿਸ ਦਾ ਜਵਾਬ ਕਿਸ ਮਿਤੀ ਨੂੰ ਦਿੱਤਾ ਗਿਆ ਹੈ,ਬਾਰੇ ਦੱਸਿਆ ਜਾਵੇ। | ਚਾਰਜਸ਼ੀਟ/ਕਾਰਣ ਦੱਸੋ ਨੋਟਿਸ ਦਾ ਕੀ ਫੈਸਲਾ ਹੋਇਆ ਅਤੇ ਕਿਸ ਨੰਬਰ/ਮਿਤੀ ਨੂੰ ਹੋਇਆ | ਜੇ ਕਰ ਕੋਈ ਕਰੀਮੀਨਲ ਕੇਸ ਹੈ ਤਾਂ ਕੀ ਐਫ.ਆਈ.ਆਰ.ਦਰਜ ਹੋਈ ਹੈ ਅਤੇ ਮੁਕਦੱਮਾ ਚਲਾਉਣ ਦਾ ਫੈਸਲਾ ਬੋਰਡ ਨੇ ਕਿਸ ਮਿਤੀ ਨੂੰ ਕੀਤਾ । | ਚਲਾਨ ਪੇਸ਼ ਕਰਨ ਦੀ ਮਿਤੀ |
|---|---|---|---|---|---|---|
| 1 | 2 | 3 | 4 | 5 | 6 | 7 |
| | | | | | | |

| ਅਦਾਲਤ ਵੱਲੋਂ ਫੈਸਲਾ ਕਿਸ ਮਿਤੀਨੂੰ ਹੋਇਆ ਅਤੇ ਕੀ ਹੋਇਆ | ਜ਼ੇ ਕਰਕਰਮਚਾਰੀ ਮੁਅੱਤਲ ਰਿਹਾ ਹੈ ਤਾਂ ਮੁਅੱਤਲੀ ਸਮਾਂ ਦੱਸਿਆ ਜਾਵੇ | ਮੁਅੱਤਲੀ ਸਮੇ ਦਾ ਫੈਸਲਾ ਕੀ ਹੋਇਆ ਅਤੇ ਕਿਸ ਨੰਬਰ ਨਾਲ ਹੋਇਆ । | ਜੇ ਗੈਰ ਹਾਜਰ/EOL ਰਿਹਾ ਹੈ ਤਾਂ ਗੈਰ ਹਾਜਰੀ/EOL ਸਮਾਂ | ਗੈਰਹਾਜਰ/EOL ਸਮੇ ਬਾਰੇ ਕੀ ਫੈਸਲਾ ਹੋਇਆ ਅਤੇ ਕਿਸ ਨੰਬਰ ਨਾਲ ਹੋਇਆ | ਜੇ ਕਰਮਚਾਰੀ ਨੇ ਆਪਣੀ ਸੇਵਾ ਦੌਰਾਨ ਕਿਸੇ ਹੜਤਾਲ ਵਿੱਚ ਹਿੱਸਾ ਲਿਆ ਹੈ ਤਾਂ ਮਿਤੀ ਸਹਿਤ ਵਿਸਥਾਰ ਪੂਰਵਕ ਦੱਸਿਆ ਜਾਵੇ |
|---|---|---|---|---|---|
| 8 | 9 | 10 | 11 | 12 | 13 |
| | | | | | |

ਉਪਰੋਕਤ ਇੰਦਰਾਜ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਤੋਂ ਤਸਦੀਕ ਕੀਤੇ ਗਏ ਹਨ ।

ਸਮਰੱਥ ਅਧਿਕਾਰੀ ਦੇ ਹਸਤਾਖਰ ਅਤੇ ਮੋਹਰ